ਪਿੱਠ-ਭੂਮੀ 8

ਤੁਰੰਤ ਜਾਰੀ ਕਰਨ ਹਿਤ
2021FIN0023-000744
20 ਅਪ੍ਰੈਲ, 2021

ਵਿੱਤ ਮੰਤਰਾਲਾ

**ਖ਼੍ਰੀਦ-ਪਹੁੰਚ ਯੋਗ ਹੋਰ ਜ਼ਿਆਦਾ ਆਵਾਸ ਦਾ ਨਿਰਮਾਣ**

ਕੋਵਿਡ-19 ਮਹਾਮਾਰੀ ਦੇ ਕਾਰਣ, ਬ੍ਰਿਟਿਸ਼ ਕੋਲੰਬੀਆ ਨਿਵਾਸੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਘਰਾਂ ਦੇ ਅੰਦਰ ਹੀ ਰਹਿ ਰਹੇ ਹਨ। ਸਰੀਰਕ ਦੂਰੀ ਅਤੇ ਘਰ ਤੋਂ ਕੰਮ ਕਰਨ ਵਾਲੀਆਂ ਥਾਂਵਾਂ ਨੇ ਰੋਜ਼ਾਨਾ ਜੀਵਨ ਵਿੱਚ ਲੋਕਾਂ ਦੇ ਘਰਾਂ ਦੀ ਭੂਮਿਕਾ ਬਦਲ ਦਿੱਤੀ ਹੈ।

ਤਿੰਨ ਸਾਲ ਪਹਿਲਾਂ, ਸਰਕਾਰ ਨੇ ਬੀ ਸੀ ਦੇ ਇਤਿਹਾਸ ਵਿੱਚ ਇੱਕੋ ਹੀ ਵਾਰ ਸਭ ਤੋਂ ਵੱਡਾ ਨਿਵੇਸ਼ ਕੀਤਾ ਅਤੇ ਹੋਮਜ਼ ਫ਼ੌਰ ਬੀ ਸੀ ਦਾ ਆਰੰਭ ਕੀਤਾ: ਜੋ ਬ੍ਰਿਟਿਸ਼ ਕੋਲੰਬੀਆ ਵਿੱਚ ਖ਼੍ਰੀਦ-ਪਹੁੰਚ ਯੋਗਤਾ ਲਿਆਉਣ ਲਈ ਇੱਕ 30-ਨੁਕਾਤੀ ਯੋਜਨਾ ਹੈ। ਬਜਟ 2021 ਵਿੱਚ ਮਾਲੀ ਯੋਜਨਾ ਦੇ ਦੌਰਾਨ $80 ਮਿਲੀਅਨ ਪ੍ਰਦਾਨ ਕੀਤੇ ਗਏ ਹਨ, ਤਾਂ ਕਿ ਇਸ ਰਣਨੀਤੀ ਲਈ ਮਾਲੀ ਮਦਦ ਦੇਣਾ ਜਾਰੀ ਰੱਖਿਆ ਜਾ ਸਕੇ ਅਤੇ ਅਵਾਸ ਦੀ ਸਪਲਾਈ ਨੂੰ ਵਧਾ ਕੇ ਅਤੇ ਬਿਹਤਰ ਬਣਾ ਕੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ 114,000 ਖ਼੍ਰੀਦ-ਪਹੁੰਚ ਯੋਗ ਘਰ ਮੁਹੱਈਆ ਕਰਾਉਣ ਨੂੰ ਤਰਜੀਹ ਦਿੱਤੀ ਜਾ ਸਕੇ।

**ਜ਼ਰੂਰੀ ਨਿਵੇਸ਼ ਕਰਨਾ ਜਾਰੀ ਰੱਖਣ ਲਈ ਹਾਊਸਿੰਗ ਹਬ ਨੂੰ ਵਧੇਰੇ ਮਾਲੀ ਨਰਮੀ ਦੇਣਾ**

ਬਜਟ 2021 ਵਿੱਚ ਵਿਕਾਸ ਵਿੱਤ-ਪੋਸ਼ਣ ਲਈ ਹਾਊਸਿੰਗ ਹਬ, ਜੋ ਬੀ ਸੀ ਹਾਊਸਿੰਗ ਦਾ ਇੱਕ ਡਿਵੀਜ਼ਨ ਹੈ, ਰਾਹੀਂ $2 ਬਿਲੀਅਨ ਪ੍ਰਦਾਨ ਕੀਤੇ ਗਏ ਹਨ, ਤਾਂ ਕਿ ਸਰਕਾਰ ਮੱਧ-ਆਮਦਨੀ ਵਾਲੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ ਕਿਰਾਏ ਲਈ ਨਵੇਂ ਆਵਾਸ ਅਤੇ ਘਰਾਂ ਦੀ ਮਾਲਕੀ ਹਾਸਲ ਕਰਨ ਦੇ ਅਵਸਰ ਉਤਪੰਨ ਕਰਨ ਲਈ ਭਾਈਚਾਰਿਆਂ, ਗ਼ੈਰ-ਮੁਨਾਫ਼ਾ ਅਤੇ ਨਿਜੀ ਖੇਤਰ ਦੇ ਸਾਂਝੇਦਾਰਾਂ ਨਾਲ ਭਾਈਵਾਲੀ ਕਰ ਕੇ ਕੰਮ ਕਰ ਸਕੇ।

ਇਸ ਅਧਿਕਤਰ ਨਿਵੇਸ਼ ਨਾਲ, ਹਾਊਸਿੰਗ ਹਬ ਆਗਾਮੀ ਤਿੰਨ ਤੋਂ ਪੰਜ ਸਾਲਾਂ ਦੌਰਾਨ, ਮੱਧ-ਆਮਦਨੀ ਵਾਲੇ ਪਰਿਵਾਰਾਂ ਲਈ ਲਗਭਗ 9,000 ਨਵੇਂ ਘਰ ਬਣਾਉਣਾ ਸੰਭਵ ਬਣਾ ਸਕੇਗੀ। ਹੋਮਜ਼ ਫ਼ੌਰ ਬੀ ਸੀ ਦੇ ਆਰੰਭ ਹੋਣ ਤੋਂ ਲੈ ਕੇ, ਬੀ ਸੀ ਹਾਊਸਿੰਗ ਹਾਊਸਿੰਗ ਹਬ ਰਾਹੀਂ, ਮੱਧ-ਆਮਦਨੀ ਵਾਲੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ ਪੂਰੇ ਸੂਬੇ ਵਿੱਚ ਉਸਾਰੇ ਗਏ ਕਿਰਾਏ ਵਾਲੇ ਹੋਰ ਜ਼ਿਆਦਾ ਆਵਾਸ ਦੇ ਵਿਕਲਪ ਪ੍ਰਾਪਤ ਕਰਨ ਵਿੱਚ ਸਥਾਨਕ ਸਰਕਾਰਾਂ, ਗ਼ੈਰ-ਮੁਨਾਫ਼ਾ ਸੰਸਥਾਵਾਂ, ਭਾਈਚਾਰਿਆਂ ਅਤੇ ਨਿਜੀ ਖੇਤਰ ਦੇ ਸਾਂਝੇਦਾਰਾਂ ਨਾਲ ਸਹਿਯੋਗ ਕਰ ਰਿਹਾ ਇੱਕ ਅਹਿਮ ਭਾਈਵਾਲ ਹੈ। ਇਸ ਮਾਲੀ ਮਦਦ ਨਾਲ ਇਹ ਇਸ ਪ੍ਰੋਗਰਾਮ ਦੀ ਅੱਜ ਤੱਕ ਦੀ ਸਫ਼ਲਤਾ ਨੂੰ ਹੋਰ ਅੱਗੇ ਵਧਾ ਸਕੇਗਾ।

**ਹੋਰ ਜ਼ਿਆਦਾ ਸਮਾਜਕ ਅਤੇ ਖ਼੍ਰੀਦ-ਪਹੁੰਚ ਯੋਗ ਆਵਾਸ ਬਣਾਉਣ ਲਈ ਸਿੱਧੇ ਨਿਵੇਸ਼ ਕਰਨਾ**

ਸਹਾਇਕ ਆਵਾਸ ਇਕਾਈਆਂ ਤੋਂ ਲੈ ਕੇ ਮਿਸ਼ਰਤ-ਆਮਦਨੀ ਵਾਲੀਆਂ, ਕਿਰਾਏ ਵਾਲੀਆਂ ਖ਼੍ਰੀਦ-ਪਹੁੰਚ ਯੋਗ ਇਕਾਈਆਂ ਤੱਕ, ਸੂਬਾ ਸਰਕਾਰ ਆਵਾਸ ਵਿੱਚ ਕੀਤੇ ਗਏ ਇਤਿਹਾਸਕ ਨਿਵੇਸ਼ਾਂ ਵਿੱਚ ਹੋਰ ਵਾਧਾ ਕਰਨਾ ਜਾਰੀ ਰੱਖ ਰਹੀ ਹੈ-ਜੋ ਬਜਟ 2018 ਤੋਂ ਸ਼ੁਰੂ ਹੋ ਕੇ 10 ਸਾਲਾਂ ਦੌਰਾਨ $7 ਬਿਲੀਅਨ ਹੋ ਚੁੱਕੇ ਹਨ। ਬਜਟ 2021 ਵਿੱਚ 114,000 ਇਕਾਈਆਂ ਦੇ ਨਿਰਮਾਣ ਵਿੱਚ ਸਹਾਇਤਾ ਕਰਨ ਲਈ ਮਾਲੀ ਮਦਦ ਪ੍ਰਦਾਨ ਕਰਨਾ ਜਾਰੀ ਰੱਖਿਆ ਗਿਆ ਹੈ, ਜਿਸ ਵਿੱਚ ਗ਼ੈਰ-ਮੁਨਾਫ਼ਾ ਆਵਾਸ ਪ੍ਰਦਾਨਕਰਤਾਵਾਂ ਲਈ ਗ੍ਰਾਂਟ ਦੇ ਰੂਪ ਵਿੱਚ ਮਾਲੀ ਮਦਦ ਅਤੇ $1.6 ਬਿਲੀਅਨ ਦੇ ਪੂੰਜੀਗਤ ਨਿਵੇਸ਼ਾਂ ਰਾਹੀਂ ਮਾਲੀ ਯੋਜਨਾ ਦੇ ਦੌਰਾਨ, 10,000 ਨਵੀਆਂ ਆਵਾਸ ਇਕਾਈਆਂ ਲਈ ਮਾਲੀ ਮਦਦ ਸ਼ਾਮਲ ਹੈ। ਇਹ ਨਵੀਆਂ ਇਕਾਈਆਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਸਹਾਰਾ ਦੇਣ ਵਿੱਚ ਮਦਦ ਕਰਨਗੀਆਂ, ਜਿਵੇਂ ਕਿ ਮੱਧ-ਆਮਦਨੀ ਵਾਲੇ ਪਰਿਵਾਰ, ਬਜ਼ੁਰਗ, ਮੂਲਵਾਸੀ ਲੋਕ ਅਤੇ ਹਿੰਸਕ ਸਥਿਤੀਆਂ 'ਚੋਂ ਬਚ ਕੇ ਨਿਕਲਣ ਵਾਲੀਆਂ ਇਸਤ੍ਰੀਆਂ ਅਤੇ ਬੱਚੇ, ਅਤੇ ਇਹ ਉਨ੍ਹਾਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ ਜਿਨ੍ਹਾਂ ਨੂੰ ਇਸ ਦੀ ਜ਼ਰੂਰਤ ਹੈ, ਵਧੇਰੇ ਆਵਾਸ ਵਿਕਲਪ ਮੁਹੱਈਆ ਕਰਾਉਣ ਦੀ ਸਰਕਾਰ ਦੀ ਪ੍ਰਤੀਬੱਧਤਾ ਦਾ ਹਿੱਸਾ ਹਨ।

**ਹੋਮਜ਼ ਫ਼ੌਰ ਬੀ ਸੀ ਦੀ ਪ੍ਰਗਤੀ**

ਹੋਮਜ਼ ਫ਼ੌਰ ਬੀ ਸੀ ਸੂਬਾ ਸਰਕਾਰ ਨੂੰ ਖ਼੍ਰੀਦ-ਪਹੁੰਚ ਯੋਗ ਘਰਾਂ ਦੀ ਘਾਟ ਦਾ ਸਮਾਧਾਨ ਕਰਨ ਦੇ ਰਸਤੇ 'ਤੇ ਤੋਰਨ ਲਈ ਅਤੇ ਰੀਅਲ ਐਸਟੇਟ ਮਾਰਕਿਟ ਨੂੰ ਸਥਿਰ ਕਰਨ ਲਈ ਕਾਰਜ ਕਰ ਰਿਹਾ ਹੈ। ਅਸਲ ਯੋਜਨਾ ਦੇ 30 ਨੁਕਤਿਆਂ ਵਿੱਚੋਂ, 16 ਮੁਕੰਮਲ ਹੋ ਚੁੱਕੇ ਹਨ ਅਤੇ 14 ਹੋਰ 'ਤੇ ਪ੍ਰਗਤੀ ਹੋ ਰਹੀ ਹੈ। ਇਸ ਪ੍ਰਗਤੀ ਵਿੱਚ ਅਜਿਹੇ ਮੁੱਖ ਉਪਾਅ ਸ਼ਾਮਲ ਹਨ:

- ਸਾਰੇ ਸੂਬੇ ਦੇ ਭਾਈਚਾਰਿਆਂ ਵਿੱਚ 26,000 ਇਕਾਈਆਂ ਦਾ ਨਿਰਮਾਣ ਮੁਕੰਮਲ ਕਰਾਉਣਾ ਜਾਂ ਉਨ੍ਹਾਂ 'ਤੇ ਪ੍ਰਗਤੀ ਕਰਾਉਣਾ।
- ਬੇਦਖ਼ਲੀ ਦਾ ਸਾਹਮਣਾ ਕਰ ਰਹੇ ਕਿਰਾਏਦਾਰਾਂ ਲਈ ਸੁਰੱਖਿਆ ਵਿੱਚ ਸੁਧਾਰ ਕਰਨ ਲਈ ਰੈਜ਼ੀਡੈਂਸ਼ੀਅਲ ਟੇਨੈਂਸੀ ਐਕਟ ਨੂੰ ਅਪਡੇਟ ਕਰਨਾ।
- ਕਿਰਾਏ ਵਿੱਚ ਵੱਧ ਤੋਂ ਵੱਧ ਸਾਲਾਨਾ ਵਾਧੇ ਨੂੰ 2% ਤੱਕ ਘਟਾਉਣਾ ਅਤੇ ਕਿਰਾਏ ਸਬੰਧੀ ਨਿਯੰਤਰਣਾਂ ਤੋਂ ਬਚਣ ਲਈ ਮਕਾਨ ਮਾਲਕਾਂ ਵੱਲੋਂ ਵਰਤੀਆਂ ਜਾਂਦੀਆਂ ਚੋਰਮੋਰੀਆਂ ਬੰਦ ਕਰਨਾ।
- ਵਿਦੇਸ਼ੀ ਖ਼੍ਰੀਦਾਰਾਂ ਲਈ ਟੈਕਸ ਨੂੰ 20% ਤੱਕ ਵਧਾਉਣਾ।
- ਸਪੈਕੂਲੇਸ਼ਨ ਅਤੇ ਵੇਕੈਂਸੀ ਟੈਕਸ ਆਰੰਭ ਕਰਨਾ, ਜਿਸ ਦੇ ਨਿਸ਼ਾਨੇ 'ਤੇ ਉੱਚ ਮੰਗ ਵਾਲੇ ਇਲਾਕਿਆਂ ਵਿੱਚ ਖ਼ਾਲੀ ਪ੍ਰਾਪਰਟੀਆਂ ਹਨ ਅਤੇ ਇਸ ਨਾਲ ਘਰਾਂ ਨੂੰ ਕਿਰਾਏ ਲਈ ਬਾਜ਼ਾਰ ਵਿੱਚ ਵਾਪਸ ਲਿਆਉਣ ਵਿੱਚ ਮਦਦ ਮਿਲੀ ਹੈ।
- ਰੀਅਲ ਐਸਟੇਟ ਵਿੱਚ ਗੁਪਤ ਮਾਲਕੀ ਨੂੰ ਖ਼ਤਮ ਕਰਨ ਲਈ ਲੈਂਡ ਉਨਰ ਟ੍ਰਾਂਸਪੇਰੈਂਸੀ ਰਜਿਸਟਰੀ ਬਣਾਉਣਾ।
- ਕੌਂਡੋ ਐਂਡ ਸਟ੍ਰੇਟਾ ਅਸਾਈਨਮੈਂਟ ਇਨਟੈਗਰਿਟੀ ਰਜਿਸਟਰ ਰਾਹੀਂ ਕੌਂਡੋ ਪ੍ਰੀਸੇਲ ਅਸਾਈਨਮੈਂਟਾਂ 'ਤੇ ਹੋਣ ਵਾਲੀ ਟੈਕਸ ਚੋਰੀ ਨੂੰ ਰੋਕਣ ਲਈ ਸਖ਼ਤੀ ਕਰਨਾ।

ਹੁਣ ਤੱਕ, ਉਨ੍ਹਾਂ ਘਰਾਂ ਦੇ ਨਿਰਮਾਣ ਲਈ ਜਿਨ੍ਹਾਂ ਦੀ ਲੋਕਾਂ ਨੂੰ ਜ਼ਰੂਰਤ ਹੈ, ਟੈਕਸ ਧੋਖਾਧੜੀ ਨੂੰ ਰੋਕਣ ਲਈ ਸਖ਼ਤੀ ਕਰਨ ਲਈ, ਚੋਰਮੋਰੀਆਂ ਬੰਦ ਕਰਨ ਲਈ, ਰੀਅਲ ਐਸਟੇਟ ਮਾਰਕਿਟ ਨੂੰ ਸਥਿਰ ਕਰਨ ਲਈ ਅਤੇ ਬੀ ਸੀ ਦੇ ਹਰ ਇੱਕ ਭਾਈਚਾਰੇ ਵਿੱਚ ਖ਼੍ਰੀਦ-ਪਹੁੰਚ ਯੋਗਤਾ ਲਈ ਭਾਈਵਾਲੀਆਂ ਬਣਾਉਣ ਲਈ, ਸੂਬਾ ਸਰਕਾਰ ਨੇ ਯੋਜਨਾ ਵਿਚਲੀਆਂ ਅੱਧੀਆਂ ਤੋਂ ਵੱਧ ਕਾਰਵਾਈਆਂ ਬਾਰੇ ਕਦਮ ਚੁੱਕੇ ਹਨ।

ਬੀ ਸੀ ਵਿੱਚ ਸੂਬਾਈ ਮਾਲੀ ਮਦਦ ਦੇ ਤਹਿਤ ਐਲਾਨ ਕੀਤੇ ਸਾਰੇ ਆਵਾਸ ਪ੍ਰੋਜੈਕਟਾਂ ਦੀ ਸਥਿਤੀ ਦਰਸਾਉਂਦਾ ਇੱਕ ਨਕਸ਼ਾ ਔਨਲਾਈਨ ਉਪਲਬਧ ਹੈ: https://www.bchousing.org/homes-for-BC

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710